BRAMPTON Flower City
brampton.ca

media release

1 ਅਕਤੂਬਰ, 2018

# ਜੇਕਰ ਧੂੰਏਂ ਦੇ ਅਲਾਰਮ ਨਹੀਂ, ਅੱਗ ਲੱਗਣ 'ਤੇ ਕੋਈ ਮੌਕਾ ਨਹੀਂ

ਬ੍ਰੈਂਪਟਨ, ਓਨਟੈਰੀਓ – ਸਿਰਫ਼ ਧੂੰਏਂ ਦੇ ਚਾਲੂ ਅਲਾਰਮ ਹੀ ਜ਼ਿੰਦਗੀਆਂ ਬਚਾ ਸਕਦੇ ਹਨ।

ਹਰੇਕ ਘਰ ਦੀ ਹਰੇਕ ਮੰਜ਼ਲ 'ਤੇ ਅਤੇ ਸੌਣ ਵਾਲੇ ਹਰੇਕ ਭਾਗ ਦੇ ਬਾਹਰ ਧੂੰਏਂ ਦੇ ਚਾਲੂ ਅਲਾਰਮ ਹੋਣੇ ਲਾਜ਼ਮੀ ਹਨ।

6 ਅਤੇ 12 ਅਕਤੂਬਰ ਵਿਚਕਾਰ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Brampton Fire and Emergency Services) (ਬੀ.ਐਫ.ਈ.ਐਸ.) (BFES) ਇਸ ਸੁਨੇਹੇ ਦਾ ਪ੍ਰਚਾਰ ਕਰਨ ਲਈ ਬ੍ਰੈਂਪਟਨ (Brampton) ਦੇ ਕਈ ਸਥਾਨਾਂ ਵਿਖੇ ਹੋਵੇਗਾ ਕਿ ਸਿਰਫ਼ ਧੂੰਏਂ ਦੇ ਚਾਲੂ ਅਲਾਰਮ ਹੀ ਜ਼ਿੰਦਗੀਆਂ ਬਚਾ ਸਕਦੇ ਹਨ: ਜੇਕਰ ਧੂੰਏਂ ਦੇ ਅਲਾਰਮ ਨਹੀਂ, ਅੱਗ ਲੱਗਣ 'ਤੇ ਕੋਈ ਮੌਕਾ ਨਹੀਂ।

ਬੀ.ਐਫ.ਈ.ਐਸ. ਅਧਿਕਾਰੀ ਬ੍ਰੈਂਪਟਨ ਦੇ ਨਿਵਾਸੀਆਂ ਤੱਕ ਇਹ ਮਹੱਤਵਪੂਰਨ ਸੁਰੱਖਿਆ ਸੁਨੇਹੇ ਪਹੁੰਚਾਉਣ ਲਈ ਅੱਗ ਤੋਂ ਸੁਰੱਖਿਆ ਹਫ਼ਤਾ (Fire Prevention Week) ਭਾਈਵਾਲਾਂ ਦੇ ਨਾਲ ਜੁੜਨਗੇ, ਜਿਹਨਾਂ ਵਿੱਚ ਸ਼ਾਮਲ ਹਨ, ਡੋਮਿਨੋਜ਼ (Domino's), ਓਲਡ ਨੇਵੀ (Old Navy), ਬ੍ਰੈਮਲੀ ਸਿਟੀ ਸੈਂਟਰ (Bramalea City Centre) ਅਤੇ ਸ਼ੌਪਰਸ ਵਰਲਡ (Shoppers World)।

ਵੀਰਵਾਰ, 4 ਅਕਤੂਬਰ ਨੂੰ, ਸਿਟੀ ਹਾਲ (City Hall) ਅੱਗ ਤੋਂ ਸੁਰੱਖਿਆ ਹਫ਼ਤੇ ਲਈ ਸ਼ੁਰੂਆਤ ਕਰਨ ਦਾ ਅਤੇ ਝੰਡਾ ਲਹਿਰਾਉਣ ਦਾ ਸਮਾਰੋਹ ਆਯੋਜਿਤ ਕਰੇਗਾ।

ਇਸ ਸਾਲ ਨਵੀਂ ਵਿਸ਼ੇਸ਼ਤਾ ਵਜੋਂ ਸ਼ਨੀਵਾਰ, 6 ਅਕਤੂਬਰ ਨੂੰ ਬੀ.ਐਫ.ਈ.ਐਸ. ਸਟੇਸ਼ਨ 209 ਓਪਨ ਹਾਊਸ (BFES' Station 209 Open House) ਦਾ ਆਯੋਜਨ ਹੋਵੇਗਾ, ਜਿੱਥੇ ਨਿਵਾਸੀ ਸਟੇਸ਼ਨ ਅਤੇ ਟਰੱਕ ਦਾ ਟੂਰ ਕਰਨਗੇ; ਅਤੇ, ਘਰ ਤੋਂ ਬਚ ਕੇ ਨਿੱਕਲਣ ਦੀ ਯੋਜਨਾ (Home Escape Plan) ਲਿਆਉਣ ਵਾਲੇ ਪਹਿਲੇ 50 ਪਰਿਵਾਰ ਧੂੰਏਂ ਦੇ/ਕਾਰਬਨ ਮੋਨੋਆਕਸਾਈਡ ਅਲਾਰਮ ਦਾ ਸੁਮੇਲ ਪ੍ਰਾਪਤ ਕਰਨਗੇ।

ਅੱਗ ਤੋਂ ਸੁਰੱਖਿਆ ਹਫ਼ਤੇ ਬਾਰੇ ਅਤੇ ਬ੍ਰੈਂਪਟਨ ਵਿੱਚ ਹੋਣ ਵਾਲੇ ਕਾਰਜਕਰਮਾਂ ਬਾਰੇ ਹੋਰ ਜਾਣਕਾਰੀ ਲਈ, www.bramptonfire.com 'ਤੇ ਜਾਓ।

**ਧੂੰਏਂ ਦੇ ਅਲਾਰਮ ਅਤੇ ਅੱਗ ਸਬੰਧੀ ਤੱਥ (ਐਨ.ਐਫ.ਪੀ.ਡਬਲਯੂ. (NFPW) ਵੱਲੋਂ):**

- 2010-2014 ਵਿੱਚ ਘਰ ਵਿੱਚ ਅੱਗ ਲੱਗਣ ਤੋਂ ਹੋਈਆਂ ਹਰੇਕ ਪੰਜ ਮੌਤਾਂ ਵਿੱਚ ਤਿੰਨ ਉਹਨਾਂ ਘਰਾਂ ਵਿੱਚ ਅੱਗ ਲੱਗਣ ਕਾਰਨ ਹੋਈਆਂ ਸਨ, ਜਿਹਨਾਂ ਵਿੱਚ ਧੂੰਏਂ ਦੇ ਅਲਾਰਮ ਨਹੀਂ ਸਨ ਜਾਂ ਧੂੰਏਂ ਦੇ ਚਾਲੂ ਅਲਾਰਮ ਨਹੀਂ ਸਨ।
- ਰਿਪੋਰਟ ਕੀਤੀਆਂ ਘਰ ਵਿੱਚ ਅੱਗ ਲੱਗਣ ਦੀਆਂ ਪ੍ਰਤੀ 100 ਘਟਨਾਵਾਂ ਵਿੱਚ ਮੌਤ ਦਰ ਉਹਨਾਂ ਘਰਾਂ ਵਿੱਚ ਦੁੱਗਣੀ ਤੋਂ ਵੀ ਵੱਧ ਸੀ, ਜਿਹਨਾਂ ਘਰਾਂ ਵਿੱਚ ਧੂੰਏਂ ਦੇ ਕੋਈ ਵੀ ਚਾਲੂ ਅਲਾਰਮ ਨਹੀਂ ਸਨ।
- ਅੱਗ ਲੱਗਣ ਦੀਆਂ ਜਿਹਨਾਂ ਘਟਨਾਵਾਂ ਵਿੱਚ ਧੂੰਏਂ ਦੇ ਅਲਾਰਮ ਲੱਗੇ ਹੋਏ ਸਨ, ਪਰੰਤੂ ਚੱਲ ਨਹੀਂ ਰਹੇ ਸਨ, ਉਹਨਾਂ ਵਿੱਚ ਲਗਭਗ ਅੱਧੇ ਅਲਾਰਮਾਂ ਵਿੱਚ ਬੈਟਰੀਆਂ ਖ਼ਤਮ ਸਨ ਜਾਂ ਡਿਸਕਨੈਕਟ ਸਨ।
- ਖ਼ਤਮ ਬੈਟਰੀਆਂ ਦੇ ਕਾਰਨ ਇੱਕ-ਤਿਹਾਈ ਧੂੰਏਂ ਦੇ ਅਲਾਰਮ ਖਰਾਬ ਹੋ ਗਏ ਸਨ।

**ਹਵਾਲੇ**

BRAMPTON Flower City brampton.ca

media release

“ਘਰ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਵਿੱਚ ਆਪਣੀ ਭੂਮਿਕਾ ਨਿਭਾਉਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ, ਅਤੇ ਉਸ ਵਿੱਚ ਸਾਡੀ ਖੁਦ ਦੀ ਅਤੇ ਆਪਣੇ ਪਰਿਵਾਰਾਂ ਦੀ ਰੱਖਿਆ ਕਰਨਾ ਸ਼ਾਮਲ ਹੈ। ਸਾਨੂੰ ਪਤਾ ਹੈ ਕਿ ਧੂੰਏਂ ਦੇ ਚਾਲੂ ਅਲਾਰਮ ਜ਼ਿੰਦਗੀਆਂ ਬਚਾ ਸਕਦੇ ਹਨ, ਅਤੇ ਇਸ ਸਾਲ ਦਾ ਅੱਗ ਤੋਂ ਸੁਰੱਖਿਆ ਹਫ਼ਤਾ ਸਾਨੂੰ ਸਾਰਿਆਂ ਨੂੰ ਤਿਆਰ ਰਹਿਣ ਦੇ ਮਹੱਤਵ ਨੂੰ ਯਾਦ ਕਰਵਾਉਣ ਲਈ ਗਤੀਵਿਧੀਆਂ ਅਤੇ ਕਾਰਜਕਰਮਾਂ ਨਾਲ ਭਰਪੂਰ ਹੋਵੇਗਾ ਹੈ।”

- *ਮੇਅਰ ਲਿੰਡਾ ਜੈਫਰੀ (Linda Jeffrey)*

“ਅੰਕੜੇ ਦਰਸਾਉਂਦੇ ਹਨ ਕਿ ਉੱਤਰੀ ਅਮਰੀਕਾ (North America) ਵਿੱਚ ਘਰ ਵਿੱਚ ਅੱਗ ਤੋਂ ਹੋਣ ਵਾਲੀਆਂ ਪੰਜ ਮੌਤਾਂ ਵਿੱਚ ਲਗਭਗ ਤਿੰਨ ਉਹਨਾਂ ਘਰਾਂ ਵਿੱਚ ਵਾਪਰਦੀਆਂ ਹਨ, ਜਿਹਨਾਂ ਵਿੱਚ ਧੂੰਏਂ ਦੇ ਚਾਲੂ ਅਲਾਰਮ ਨਹੀਂ ਹਨ। ਇਸ ਕਾਰਨ ਇਸ ਸਾਲ, ਅਸੀਂ ਇਸ ਸੁਨੇਹੇ ਦਾ ਪ੍ਰਚਾਰ ਕਰਕੇ ਸਾਡੇ ਨਿਵਾਸੀਆਂ ਨੂੰ ਸੁਰੱਖਿਅਤ ਰੱਖਣਾ ਚਾਹੁੰਦੇ ਹਾਂ: ਸਿਰਫ਼ ਧੂੰਏਂ ਦੇ ਚਾਲੂ ਅਲਾਰਮ ਹੀ ਜ਼ਿੰਦਗੀਆਂ ਬਚਾ ਸਕਦੇ ਹਨ। ਜੇਕਰ ਧੂੰਏਂ ਦੇ ਅਲਾਰਮ ਨਹੀਂ, ਅੱਗ ਲੱਗਣ ‘ਤੇ ਕੋਈ ਮੌਕਾ ਨਹੀਂ।”

- *ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਚੀਫ ਬਿਲ ਬੋਇਸ (Bill Boyes)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca